**ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।**
**ਸੈਕਟਰ 34- ਏ, ਚੰਡੀਗੜ੍ਹ।**

ਵੱਲ,

1) ਡਾਇਰੈਕਟਰ ਖੋਜ਼ ਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ, ਸਿਹਤ ਸੇਵਾਵਾਂ (ਸਮਾਜਿਕ ਬੀਮਾ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ, ਸਿਹਤ ਸੇਵਾਵਾਂ ਪਰਿਵਾਰ ਭਲਾਈ, ਪੰਜਾਬ।
4) ਡਾਇਰੈਕਟਰ ਮੈਂਟਲ ਹਸਪਤਾਲ, ਅੰਮ੍ਰਿਤਸਰ।
5) ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ।
6) ਪੰਜਾਬ ਰਾਜ ਦੇ ਸਮੂਹ ਮੈਡੀਕਲ ਸੁਪਰਡੰਟ ਅਤੇ ਡਿਪਟੀ ਮੈਡੀਕਲ ਸੁਪਰਡੰਟ।
7) ਡਿਪਟੀ ਡਾਇਰੈਕਟਰ ਮਲੇਰੀਆ, ਪੰਜਾਬ,ਚੰਡੀਗੜ੍ਹ।
8) ਪ੍ਰਿੰਸੀਪਲ ਰਾਜ, ਸਿਹਤ ਤੇ ਪਰਿਵਾਰ ਭਲਾਈ ਸੰਸਥਾ, ਮੁਹਾਲੀ ਅਤੇ ਅੰਮ੍ਰਿਤਸਰ।
9) ਪ੍ਰਿੰਸੀਪਲ ਮੈਡੀਕਲ ਕਾਲਜ, ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ।
10) ਪ੍ਰਿੰਸੀਪਲ ਡੈਂਟਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ।
11) ਜ਼ੋਨਲ ਮਲੇਰੀਆ ਅਫਸਰ, ਪਟਿਆਲਾ, ਜਲੰਧਰ ਅਤੇ ਫਿਰੋਜ਼ਪੁਰ।
12) ਪ੍ਰਿੰਸੀਪਲ ਮੈਡੀਕਲ ਅਫਸਰ, ਬੀ.ਬੀ.ਐਮ.ਬੀ ਹਸਪਤਾਲ, ਨੰਗਲ (ਰੋਪੜ), ਤਲਵਾੜਾ (ਹੁਸ਼ਿਆਰਪੁਰ) ਅਤੇ ਸੁੰਦਰ ਨਗਰ (ਹਿਮਾਚਲ ਪ੍ਰਦੇਸ਼)।
13) ਕੈਮਿਕਲ ਐਗਜ਼ਾਮੀਨਰ ਖਰੜ, ਜ਼ਿਲ੍ਹਾ ਅਜੀਤਗੜ੍ਹ (ਮੋਹਾਲੀ)।
14) ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ/ਈ.ਪੀ.ਆਈ ਪੰਜਾਬ, ਚੰਡੀਗੜ੍ਹ।
15) ਲੋਕ ਵਿਸ਼ਲੇਸ਼ਕ,ਪੰਜਾਬ, ਸੈਕਟਰ-11, ਚੰਡੀਗੜ੍ਹ।
16) ਬੇਕਟ੍ਰਾਲੋਜਿਸਟ, ਇੰਚ:ਸਟੇਟ ਪਬਲਿਕ ਹੈਲਥ ਲਬਾਰਟਰੀ, ਪੰਜਾਬ, ਸੈਕਟਰ-11, ਚੰਡੀਗੜ੍ਹ।

ਨੰ:ਈ1(3)-ਪੰ-16/ 4287-4347
ਮਿਤੀ: 24-5-16

ਵਿਸ਼ਾ: ਸਿਹਤ ਤੇ ਪਰਿਵਾਰ ਭਲਾਈ , ਪੰਜਾਬ, ਦੇ ਅਧੀਨ ਦਫਤਰਾਂ ਵਿਚ ਕੰਮ ਕਰ ਰਹੇ ਯੋਗ ਦਰਜਾ-4 ਕਰਮਚਾਰੀਆਂ ਨੂੰ ਕਲਰਕ ਦੀ ਅਸਾਮੀ ਤੇ ਪੱਦ ਉਨੱਤ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ।

2) ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਅਧੀਨ ਦਫਤਰਾਂ ਵਿਖੇ ਕਲਰਕਾਂ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਯੋਗ ਗਰੁੱਪ- ਡੀ ਦੇ ਕਰਮਚਹਰੀਆਂ ਵਿੱਚੋ ਤਰੱਕੀ ਰਾਹੀ ਭਰਨ ਦਾ ਕੰਮ ਦਫਤਰ ਦੇ ਵਿਚਾਰ ਅਧੀਨ ਹੈ। ਗਰੁੱਪ-ਡੀ ਤੋ ਕਲਰਕ ਦੀ ਅਸਾਮੀ ਤੇ ਪਦ-ਉਨਤੀ ਲਈ ਯੋਗਤਾ ਸੰਬੰਧੀ ਸਰਕਾਰ ਦੇ ਪੱਤਰ ਨੰ: 9/11/09-4ਪੀਪੀ1/9854 ਮਿਤੀ- 25-08-09 ਅਤੇ ਪੱਤਰ ਨੰ: ਨੰ:1/3/2014-4 ਪੀਪੀ1/1093 ਮਿਤੀ 23-12-2014 ਰਾਹੀ ਜਾਰੀ ਹਦਾਇਤਾਂ ਹੇਠ ਅਨੁਸਾਰ ਹਨ:

1) There should be a provision for filling up class-3 (group C) (clerk) post by promotion from amongst the class-4 (group D) employees who possess a minimum educational qualification of matriculation (with Punjabi) and have a minimum of 5 years experience as such.

2) Before promotion to the post of clerk from amongst the group D employees there should be a provision for qualifying type test, as prescribed by the government for the post of clerk on computer, to be conducted by the competent authority or the department of information technology in a speed of 30 words per minutes both in Punjabi and English.

ਇਸ ਲਈ ਆਪ ਅਧੀਨ ਸੰਸਥਾਵਾਂ ਵਿਚ ਕੰਮ ਕਰ ਰਹੇ ਯੋਗ ਕਰਮਚਾਰੀ ਜਿਨ੍ਹਾਂ ਨੇ ਮੈਟ੍ਰਿਕ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਈ ਹੈ, ਪੰਜ ਸਾਲ ਦੀ ਸੇਵਾ ਪੂਰੀ ਕਰਦਾ ਹੋਵੇ ਅਤੇ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਦੀ ਸਪੀਡ 30 ਸ਼ਬਦ ਪ੍ਰਤੀ ਮਿੰਟ ਨਾਲ ਪਾਸ ਕਰਨ ਦੀ ਸਮਰੱਥਾ ਰੱਖਦਾ ਹੋਵੇ, ਅਜਿਹੇ ਚਾਹਵਾਨ ਯੋਗ ਕਰਮਚਾਰੀਆਂ ਪਾਸੋਂ ਨਾਲ ਨੱਥੀ ਪ੍ਰੋਫਾਰਮੇ ਤੇ ਡਾਇਰੈਕਟੋਰੇਟ ਅਤੇ ਅਧੀਨ ਸੰਸਥਾਵਾਂ ਵਿਚ ਬਤੌਰ ਕਲਰਕ ਤਰੱਕੀ ਰਾਹੀ ਨਿਯੁਕਤੀ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ। ਇਹ ਅਰਜੀਆਂ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਸਮੇਤ ਮਿਤੀ 15-6-16 ਤੱਕ ਨਾਲ ਨੱਥੀ ਪ੍ਰੋਫਾਰਮੇ ਤੇ ਵੇਰਵੇ ਸਹਿਤ ਇਸ ਦਫਤਰ ਵਿਖੇ ਪਹੁੰਚ ਜਾਣੀਆਂ ਚਾਹੀਦੀਆਂ ਹਨ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਨਿਸਚਿਤ ਮਿਤੀ ਤੋਂ ਬਾਅਦ ਕੋਈ ਵੀ ਅਰਜੀ ਸਵੀਕਾਰ ਨਹੀ ਕੀਤੀ ਜਾਵੇਗੀ ਅਤੇ ਕੇਵਲ ਯੋਗ ਪ੍ਰਣਾਲੀ ਰਾਹੀ ਪ੍ਰਾਪਤ ਅਰਜੀਆਂ ਤੇ ਹੀ ਵਿਚਾਰ ਕੀਤਾ ਜਾਵੇਗਾ। ਟਾਈਪ ਟੈਸਟ ਲਈ ਯੋਗ ਪਾਏ ਜਾਣ ਵਾਲੇ ਕਰਮਚਾਰੀਆਂ ਦੀ ਸੂਚੀ ਅਤੇ ਟਾਈਪ ਟੈਸਟ ਦਾ ਸਥਾਨ ਵਿਭਾਗ ਦੀ **website** **www.pbhealth.gov.in** ਤੇ ਦਰਸਾਈ ਜਾਵੇਗੀ ਅਤੇ ਟਾਈਪ ਟੈਸਟ ਦੀ ਮਿਤੀ ਬਾਅਦ ਵਿਚ ਵੈਬ-ਸਾਈਟ ਤੇ ਦਰਸਾਈ ਜਾਵੇਗੀ। ਇਹ ਟਾਇਪ ਟੈਸਟ ਮਸ਼ੀਨਾਂ ਰਾਹੀ ਦਿੱਤਾ ਜਾ ਸਕਦਾ ਹੈ। ਕੰਪਿਊਟਰ ਤੇ ਟਾਇਪ ਟੈਸਟ ਦੇਣ ਲਈ ਆਉਣ ਵਾਲੇ ਕਰਮਚਾਰੀ ਆਪਣਾ ਪੰਜਾਬੀ **font pen-drive** ਨਾਲ ਲੈ ਕੇ ਆ ਸਕਦੇ ਹਨ ਅਤੇ ਟਾਇਪ ਟੈਸਟ ਟਾਇਪ ਮਸ਼ੀਨਾਂ ਤੇ ਟੈਸਟ ਦੇਣ ਵਾਲੇ ਕਰਮਚਾਰੀ ਟਾਇਪ ਮਸ਼ੀਨ ਆਪਣੇ ਨਾਲ ਵੀ ਲੈ ਕੇ ਆ ਸਕਦੇ ਹਨ। ਇਸ ਦਫਤਰ ਵੱਲੋ **Joy** ਜਾਂ **Asees** ਤੇ ਟੈਸਟ ਲਿਆ ਜਾਵੇਗਾ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਕਰਮਚਾਰੀ ਦੀ ਤਰੱਕੀ ਬਤੌਰ ਕਲਰਕ ਹੋਣ ਦੀ ਸੂਰਤ ਵਿਚ ਉਸਨੂੰ ਸਰਕਾਰ ਦੀਆਂ ਹਦਾਇਤਾਂ ਨੰ:1/3/2014-4 ਪੀਪੀ1/1093 ਮਿਤੀ 23-12-2014 ਦੀ ਰੋਸ਼ਨੀ ਵਿਚ ਇਕ ਸਾਲ ਦੇ ਅੰਦਰ-ਅੰਦਰ ਪਰਸਨਲ ਕੰਪਿਊਟਰ ਦੇ ਇਸਤੇਮਾਲ ਦੇ ਤਜਰਬੇ ਦਾ ਘੱਟੋ-ਘੱਟ 120 ਘੰਟਿਆਂ ਦਾ ਕੋਰਸ ਆਪਣੇ ਖਰਚੇ ਤੇ ਪੂਰਾ ਕਰਨਾ ਹੋਵੇਗਾ। ਸੰਬੰਧਤ ਕਰਮਚਾਰੀ ਜੇ ਚਾਹੁਣ ਤਾਂ Mahatma Gandhi State Institute of Public Administration, Punjab (MGSIPA) ਤੇ ਨਿਰਧਾਰਤ ਥਾਵਾਂ ਤੇ ਲੋੜੀਦਾ ਕੰਪਿਊਟਰ ਕੋਰਸ ਆਪਣੇ ਖਰਚੇ ਤੇ ਕਰ ਸਕਦੇ ਹਨ।

ਇਹ ਪੱਤਰ ਆਪ ਅਧੀਨ ਕੰਮ ਕਰਦੇ ਸਾਰੇ ਦਰਜਾ-4 ਕਰਮਚਾਰੀਆਂ ਨੂੰ ਉਹਨਾ ਦੀ ਸੂਚਨਾ ਅਤੇ ਯੋਗ ਕਾਰਵਾਈ ਲਈ ਨੋਟ ਕਰਵਾ ਲਿਆ ਜਾਵੇ।

ਨੱਥੀ- ਪ੍ਰੋਫਾਰਮਾ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।

ਪਿ.ਅੰ.ਨੰ: ਈ1(3)-ਪੰ-16/

ਮਿਤੀ: 24/5/16

ਉਤਾਰਾ:

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਨੂੰ ਸੂਚਨਾ ਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

2) ਸੀ.ਸੀ ਸ਼ਾਖਾ, ਦਫਤਰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ। ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।

## ਗਰੁੱਪ ਡੀ ਦੀ ਅਸਾਮੀ ਤੋ ਕਲਰਕ ਦੀ ਅਸਾਮੀ ਤੇ ਨਿਯੁਕਤੀ ਲਈ

| ਪ੍ਰੋਫਾਰਮਾ | | | | |
|---|---|---|---|---|
| 1) | ਨਾਮ | | | |
| 2) | ਪਿਤਾ ਦਾ ਨਾਮ | | | |
| 3) | ਜਨਮ ਮਿਤੀ | | | |
| 4) | ਕੈਟਾਗਰੀ | | | |
| 5) | ਅਹੁਦਾ | | | |
| 6) | ਸੇਵਾ ਵਿੱਚ ਆਉਣ ਦੀ ਮਿਤੀ | | ਐਡਹਾਕ | |
| | | | ਰੈਗੂਲਰ | |
| 7) | ਵਿਦਿਅਕ ਯੋਗਤਾ | | | |
| ਪਾਸ ਕੀਤੀ ਪ੍ਰੀਖਿਆ | ਬੋਰਡ/ਯੂਨੀਵਰਸਿਟੀ | ਕੁਲ ਅੰਕ | ਪ੍ਰਾਪਤ ਅੰਕ | ਪ੍ਰਤੀਸ਼ਤਤਾ |
| | | | | |
| 8) | ਕੀ ਦੱਸਵੀ ਪੱਧਰ ਤੇ ਪੰਜਾਬੀ ਪਾਸ ਕੀਤੀ ਹੈ? | | | |
| 9) | ਕੀ 30 ਸ਼ਬਦ ਪ੍ਰਤੀ ਮਿਨਟ ਪੰਜਾਬੀ ਅਤੇ ਅੰਗਰੇਜੀ ਦੀ ਟਾਈਪ ਕਰਨ ਦੀ ਯੋਗਤਾ ਹੈ? | | | |
| 10) | ਕੀ ਕੋਈ ਸ਼ਿਕਾਇਤ/ਇੰਨਕੁਆਰੀ ਪੈਡਿੰਗ ਤਾਂ ਨਹੀ ਹੈ? | | | |
| 11) | ਪਿਛਲੇ ਪੰਜ ਸਾਲਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਦਾ ਸਾਰ। | | ਸਾਲ | ਵਿਸ਼ੇਸ਼ ਕਥਨ |
| | | | 2010-11 | |
| | | | 2011-12 | |
| | | | 2012-13 | |
| | | | 2013-14 | |
| | | | 2014-15 | |

( ਬਿਨੈਕਾਰ ਦੇ ਹਸਤਾਖਰ )

ਤਸਦੀਕ:

ਤਸਦੀਕ ਕੀਤਾ ਜਾਵੇ ਕਿ ਕਰਮਚਾਰੀ ਵਲੋਂ ਦਿੱਤੀ ਉਕਤ ਸੂਚਨਾ ਅਤੇ ਦਸਤਾਵੇਜ਼ ਦਫਤਰ ਦੇ ਰਿਕਾਰਡ ਅਨੁਸਾਰ ਸਹੀ ਹਨ।

(ਸੰਸਥਾ ਮੁਖੀ ਦੇ ਹਸਤਾਖਰ ਅਤੇ ਮੋਹਰ)